SET – 1

Series : GBM/C

ਕੋਡ ਨੰ. **227/1**

ਰੋਲ ਨੰਬਰ

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **8** ਪੰਨੇ + **2** ਨਕਸ਼ੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **22** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **8** printed pages + **2** Maps.
- Code number given on the right hand side of the question paper should be written on the title page of the answer-book by the candidate.
- Please check that this question paper contains **22** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਭੂਗੋਲ (ਸਿਧਾਂਤਕ)
# (ਪੰਜਾਬੀ ਉਲਥਾ)
# GEOGRAPHY (Theory)
# (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 70*

*Time allowed : 3 hours* — *Maximum Marks : 70*

**ਵਿਆਪਕ ਨਿਰਦੇਸ਼ :**

*(i)* *ਪ੍ਰਸ਼ਨਾਂ ਦੀ ਕੁੱਲ ਸੰਖਿਆ **22** ਹੈ ।*

*(ii)* *ਸਾਰੇ ਪ੍ਰਸ਼ਨ ਜ਼ਰੂਰੀ ਹਨ ।*

*(iii)* *ਪ੍ਰਸ਼ਨ ਸੰਖਿਆ 1 ਤੋਂ 7 ਤੱਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇੱਕ ਪ੍ਰਸ਼ਨ 1 ਅੰਕ ਦਾ ਹੈ । ਇਹਨਾਂ ਵਿੱਚੋਂ ਹਰ ਇੱਕ ਪ੍ਰਸ਼ਨ ਦਾ ਉੱਤਰ 40 ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(iv)* *ਪ੍ਰਸ਼ਨ ਸੰਖਿਆ 8 ਤੋਂ 13 ਤੱਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਇਹਨਾਂ ਵਿੱਚ ਇੱਕ ਪ੍ਰਸ਼ਨ ਮੁੱਲ ਅਧਾਰਿਤ ਪ੍ਰਸ਼ਨ ਹੈ । ਹਰ ਇੱਕ ਪ੍ਰਸ਼ਨ ਦੇ 3 ਅੰਕ ਹਨ । ਇਹਨਾਂ ਵਿੱਚੋਂ ਹਰ ਇੱਕ ਪ੍ਰਸ਼ਨ ਦਾ ਉੱਤਰ 80–100 ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(v)* *ਪ੍ਰਸ਼ਨ ਸੰਖਿਆ 14 ਤੋਂ 20 ਤੱਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇੱਕ ਪ੍ਰਸ਼ਨ ਦੇ **5** ਅੰਕ ਹਨ । ਇਹਨਾਂ ਵਿੱਚੋਂ ਹਰ ਇੱਕ ਪ੍ਰਸ਼ਨ ਦਾ ਉੱਤਰ **150** ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਸੰਖਿਆ 21 ਅਤੇ 22 ਮਾਨਚਿੱਤਰਾਂ ਵਿੱਚ ਦਿੱਤੇ ਗਏ ਭੂਗੋਲਕ ਲੱਛਣਾਂ ਨੂੰ ਪਹਿਚਾਨਣ ਜਾਂ ਸਥਿਤੀ ਦਰਸਾਣ ਲਈ ਨਾਮਾਂਕਿਤ ਕਰਨ ਨਾਲ ਸੰਬੰਧਿਤ ਹਨ । ਹਰ ਇੱਕ ਪ੍ਰਸ਼ਨ **5** ਅੰਕ ਦਾ ਹੈ ।*

*(vii)* ***ਸੰਸਾਰ** ਅਤੇ **ਭਾਰਤ** ਦੇ ਦਿੱਤੇ ਗਏ ਰੇਖਾ ਮਾਨਚਿੱਤਰਾਂ ਨੂੰ ਅਪਣੀ ਉੱਤਰ ਪੁਸਤਿਕਾ ਵਿੱਚ ਜ਼ਰੂਰ ਨੱਥੀ ਕਰੋ ।*

*(viii)* *ਰੇਖਾ ਮਾਨਚਿੱਤਰ ਬਨਾਉਣ ਲਈ **ਸਾਂਚਿਆ ਤੇ ਸਟੈਂਸਲਾਂ** ਦੀ ਵਰਤੋਂ ਲਈ ਆਗਿਆ ਦਿੱਤੀ ਜਾਂਦੀ ਹੈ ।*

1. ਜਾਪਾਨ ਦੇ ਕੋਬੇ–ਓਸਾਕਾ ਦਾ ਇਲਾਕਾ ਬਹੁਤ ਸੰਘਣੀ ਅਬਾਦੀ ਵਾਲਾ ਖੇਤਰ ਕਿਉਂ ਹੈ ? ਇਕ ਕਾਰਨ ਲਿੱਖੋ । **1**

2. ਮਾਨਵ ਵਿਕਾਸ ਦੀ ਧਾਰਨਾ ਦੇ ਅਧੀਨ ਸਸ਼ਕਤੀਕਰਨ ਦਾ ਅਰਥ ਕੀ ਹੈ ? **1**

3. 'ਟਰੱਕ ਫਾਰਮਿੰਗ' ਪਦ ਦੀ ਪਰਿਭਾਸ਼ਾ ਲਿੱਖੋ । **1**

4. ਇਨਲੈਂਡ (ਸਮੁੰਦਰ ਤੋਂ ਦੂਰ) ਬੰਦਰਗਾਹ ਕੀ ਹੈ ? **1**

5. "ਪਿੰਡਾਂ ਤੋਂ ਸ਼ੈਹਰਾਂ ਵਲ ਨੂੰ ਪ੍ਰਵਾਸ ਨੇ ਵਾਤਾਵਰਨ ਸੰਬੰਧੀ ਗੰਭੀਰ ਸਮਸਿਆਵਾਂ ਪੈਦਾ ਕੀਤੀਆਂ ਹਨ ।" ਇਸ ਕਥਨ ਦੇ ਪੱਖ ਵਿਚ ਇਕ ਦਲੀਲ ਲਿੱਖੋ । **1**

6. 'ਵਿਕਾਸ ਮੁਕਤੀ ਹੈ ।' ਇਸ ਕਥਨ ਦੀ ਵਿਆਖਿਆ ਕਰੋ । **1**

7. "ਭਾਰਤੀ ਰੇਲਾਂ ਨੇ ਵਖੋ ਵਖ ਸਭਿਆਚਾਰਾਂ ਦੇ ਲੋਕਾਂ ਵਿਚ ਇਕਸੁਰਤਾ ਲਿਆ ਕੇ ਇਕ ਬਹੁਤ ਵਡੀ ਦੇਣ ਦਿੱਤੀ ਹੈ" ਇਸ ਕਥਨ ਨੂੰ ਉੱਚਤ ਠੈਹਰਾਓ । **1**

8. "ਮਨੁਖਾਂ ਰਾਹੀਂ ਭੌਤਕ ਵਾਤਾਵਰਨ ਨੂੰ ਬਹੁਤ ਵਡੇ ਪੈਮਾਨੇ ਤੇ ਬਦਲਿਆ ਗਿਆ ਹੈ, ਇਸ ਦੇ ਇਵਜ ਵਿਚ ਮਨੁੱਖੀ ਜੀਵਨ ਤੇ ਵੀ ਪ੍ਰਭਾਵ ਪਿਆ ਹੈ ।" ਕਥਨ ਦੀ ਵਿਆਖਿਆ ਕਰੋ । **3**

9. ਵਿਕਾਸਸ਼ੀਲ ਦੇਸ਼ਾਂ ਵਿਚ ਸ਼ੈਹਰੀ ਬਸਤੀਆਂ ਨਾਲ ਜੁੜੀਆਂ ਸਮਾਜਕ–ਸਭਿਆਚਾਰਕ ਸਮਸਿਆਵਾਂ ਦਾ ਵਰਨਨ ਕਰੋ । **3**

10. ਹੇਠ ਦਿਤੀ ਗਈ ਸਾਰਣੀ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਲਿੱਖੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : **3**

**ਭਾਰਤ : ਨਗਰੀਕਰਨ ਦੀਆਂ ਪਰਵਿਰਤੀਆਂ 1901-2011**

| ਸਾਲ | ਨਗਰਾਂ ਦੀ ਸੰਖਿਆ | ਨਗਰਾਂ ਦੀ ਜਨਸੰਖਿਆ (ਹਜ਼ਾਰਾਂ ਵਿਚ) | ਕੁਲ ਜਨਸੰਖਿਆ ਦਾ % | ਦਸ਼ਾਬਦੀ ਵਾਧਾ % |
|---|---|---|---|---|
| 1901 | 1,827 | 25,851.9 | 10.84 | – |
| 1911 | 1,815 | 25,941.6 | 10.29 | 0.35 |
| 1921 | 1,949 | 28,086.2 | 11.18 | 8.27 |
| 1931 | 2,072 | 33,456.0 | 11.99 | 19.12 |
| 1941 | 2,250 | 44,153.3 | 13.86 | 31.97 |
| 1951 | 2,843 | 62,443.7 | 17.29 | 41.42 |
| 1961 | 2,365 | 78,936.6 | 17.97 | 26.41 |
| 1971 | 2,590 | 1,09,114 | 19.91 | 38.23 |
| 1981 | 3,378 | 1,59,463 | 23.34 | 46.14 |
| 1991 | 4,689 | 2,17,611 | 25.71 | 36.47 |
| 2001 | 5,161 | 2,85,355 | 27.78 | 31.13 |
| 2011* | 7,935 | 3,77,000 | 31.16 | 31.08 |

(10.1) ਦੇਸ਼ ਵਿਚ, ਕਿਹੜੀ ਦਸ਼ਾਬਦੀ ਵਿਚ ਨਗਰਾਂ ਦਾ ਜਨਸੰਖਿਆ ਵਾਧਾ ਦਰ ਸਭ ਤੋਂ ਘਟ ਸੀ ।

(10.2) ਕਿਹੜੇ ਸਾਲ ਵਿਚ ਨਗਰਾਂ ਦੀ ਜਨਸੰਖਿਆ ਦਾ ਦਸ਼ਾਬਦੀ ਵਾਧਾ ਦਰ ਸਭ ਤੋਂ ਵਧੀਕ ਸੀ ?

(10.3) ਭਾਰਤ ਵਿਚ ਨਗਰਾਂ ਦੀ ਸੰਖਿਆਂ ਕਿਉਂ ਵਧ ਰਹੀ ਹੈ ?

**ਨੋਟ :** ਹੇਠ ਲਿਖੇ ਪ੍ਰਸ਼ਨ **ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **10** ਦੇ ਥਾਂ ਬਦਲਵੇਂ ਪ੍ਰਸ਼ਨ ਹਨ **:**

(10.1) ਨਗਰੀਕਰਨ ਦੇ ਕੀ ਅਰਥ ਹਨ ?

(10.2) ਨਗਰੀਕਰਨ ਦੇ ਪੱਧਰ ਨੂੰ ਕਿਵੇਂ ਮਾਪਿਆ ਜਾਂਦਾ ਹੈ ?

(10.3) ਭਾਰਤ ਵਿਚ ਨਗਰਾਂ ਦੀ ਜਨ ਸੰਖਿਆ ਦੇ ਤੇਜੀ ਨਾਲ ਵਾਧੇ ਦੇ ਕਿਸੇ ਇਕ ਕਾਰਨ ਦੀ ਵਿਆਖਿਆ ਕਰੋ ।

11. ਭਾਰਤ ਵਿਚ ਵਾਹੀ ਯੋਗ ਧਰਤੀ ਦੇ ਪਤਨ ਦੇ ਕਾਰਨਾਂ ਦੀ ਵਿਆਖਿਆ ਕਰੋ । **3**

12. ਭਾਰਤ ਦੇ ਸਮਾਜਕ ਅਤੇ ਆਰਥਕ ਵਿਕਾਸ ਦੇ ਲਈ ਖਣਿਜਾਂ ਦੀ ਕੀਮਤ ਦਾ ਮੁਲੰਕਣ ਕਰੋ । **3**


13. "ਪ੍ਰਦੁਸ਼ਤ ਜਲ (ਪਾਣੀ) ਵਖੋ ਵਖ ਪ੍ਰਕਾਰ ਦੀਆਂ ਪਾਣੀ ਕਰਕੇ ਹੋਣ ਵਾਲੀਆਂ ਬਿਮਾਰੀਆਂ ਦਾ ਸਰੋਤ ਹੁੰਦਾ ਹੈ ।" ਸਪਸ਼ਟ ਕਰੋ । **3**

14. 'ਉਮਰ–ਲਿੰਗ ਸੰਰਚਨਾ' ਦੀ ਪਰਿਭਾਸ਼ਾ ਕਰੋ । ਸੰਸਾਰ ਦੇ ਵੱਖੋ ਵੱਖ ਦੇਸ਼ਾਂ ਵਿਚ 'ਉਮਰ–ਲਿੰਗ' ਅਨੁਪਾਤ ਵਿਚ ਅਸੰਤੁਲਨ ਦੇ ਲਈ ਜੁਮੇਵਾਰ ਕਾਰਨਾਂ ਦਾ ਵਰਨਨ ਕਰੋ । **1 + 4 = 5**

15. ਸੰਸਾਰ ਵਿਚ ਅਜੋਕੇ (ਆਧੁਨਿਕ) ਵੱਡੇ ਪੈਮਾਨੇ ਤੇ ਹੋਣ ਵਾਲੇ ਵਿਨਿਰਮਾਣ (ਮੈਨੂਫੇਕਚਰਿੰਗ) ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । **5 × 1 = 5**

16. ਸੰਸਾਰ ਦੇ ਪੇਂਡੂ ਬਜ਼ਾਰ ਕੇਂਦਰਾਂ ਅਤੇ ਸ਼ੈਹਰੀ ਬਜ਼ਾਰ ਕੇਂਦਰਾਂ ਵਿਚ ਅੰਤਰ ਸਪਸ਼ਟ ਕਰੋ । **5**

17. ਦਿੱਤੇ ਗਏ ਮਾਨ ਚਿੱਤਰ ਦਾ ਅਧਿਐਨ ਕਰੋ ਅਤੇ ਹੇਠ ਲਿੱਖੇ ਪ੍ਰਸ਼ਨਾਂ ਦੇ ਉਤਰ ਲਿੱਖੋ : **5 × 1 = 5**




(17.1) ਕਿਹੜੇ ਮਹਾਂਸਾਗਰ ਪਨਾਮਾ ਨੈਹਰ ਨਾਲ ਜੁੜੇ ਹੋਏ ਹਨ ।

(17.2) ਇਸ ਨੈਹਰ ਦੇ ਅੰਤਲੇ ਸਿਰਿਆਂ ਉਪਰ ਸਥਿਤ ਸਮੂੰਦਰੀ ਪੱਤਨਾਂ (ਬੰਦਰਗਾਹਾਂ) ਦੇ ਨਾਮ ਲਿੱਖੋ ।

(17.3) ਅਮੇਰਿਕਾ ਦੀ ਅਰਥ ਵਿਵਸਥਾ ਦੇ ਲਈ ਇਸ ਨੈਹਰ ਦੀ ਮਹਤਤਾ ਦੀ ਵਿਆਖਿਆ ਕਰੋ । **1 + 1 + 3 = 5**

**ਨੋਟ** : ਹੇਠ ਲਿਖੇ ਪ੍ਰਸ਼ਨ **ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **17** ਦੇ ਥਾਂ ਬਦਲਵੇਂ ਪ੍ਰਸ਼ਨ ਹਨ :

(17.1) ਉਸ ਦੇਸ਼ ਦਾ ਨਾਮ ਲਿੱਖੋ ਜਿਸ ਵਿਚ ਪਨਾਮਾ ਨੈਹਰ ਬਣਾਈ ਗਈ ਹੈ ।

(17.2) ਇਸ ਨੈਹਰ ਨਾਲ ਜੁੜੇ ਦੋ ਮਹਾਂਸਾਗਰਾਂ ਦੇ ਨਾਮ ਲਿਖੋ ।

(17.3) ਇਸ ਨੈਹਰ ਦੀ ਵਪਾਰਕ ਮਹਤਤਾ ਸਪਸ਼ਟ ਕਰੋ ।

18. ਭਾਰਤ ਵਿਚ ਜਨਸੰਖਿਆ ਦੀ ਵੰਡ ਦੇ ਲਈ ਪੌਣਪਾਣੀ (ਜਲਵਾਯੂ) ਅਤੇ ਭੋਤਕ ਲੱਛਣਾਂ ਦੀ ਭੂਮਿਕਾ ਨੂੰ ਸਪਸ਼ਟ ਕਰੋ । **3 + 2 = 5**

19. "ਭਾਰਤ ਵਿਚ ਨਿਰੰਤਰ ਪੋਸ਼ਣ ਯੋਗ ਵਿਕਾਸ ਦੇ ਲਈ ਜਲ ਸੰਸਾਧਨਾਂ ਦਾ ਸੁਰਖਿਅਣ ਅਤੇ ਪ੍ਰਬੰਧਨ ਜ਼ਰੂਰੀ ਹੈ" ਇਸ ਕਥਨ ਦੀ ਪਰਖ ਕਰੋ । **5**

20. ਹੇਠ ਲਿਖੀ ਸਾਰਣੀ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਇਸ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**ਭਾਰਤ ਦਾ ਨਿਰਯਾਤ (ਬਰਾਮਦ) ਸੰਘਟਨ, 1997-2011**

(ਨਿਰਯਾਤ ਵਿਚ ਪ੍ਰਤਿਸ਼ਤ ਹਿੱਸਾ)

| ਵਸਤੂਆਂ | 1997-98 | 2003-04 | 2009-10 | 2010-11 |
|---|---|---|---|---|
| ਖੇਤੀ ਅਤੇ ਸੰਬੰਧਤ ਉਤਪਾਦ | 18.93 | 11.8 | 10.0 | 9.9 |
| ਕੱਚੀ ਧਾਤ ਅਤੇ ਖਣਿਜ | 3.03 | 3.71 | 4.9 | 4.0 |
| ਨਿਰਮਤ ਵਸਤੂਆਂ | 75.83 | 75.96 | 67.4 | 68.0 |
| ਪੇਟਰੋਲਿਅਮ ਅਤੇ ਕੱਚੇ ਉਤਪਾਦ | 1.01 | 5.59 | 16.2 | 16.8 |
| ਹੋਰ ਦੂਸਰੀਆਂ ਵਸਤੂਆਂ | 1.2 | 2.94 | 1.5 | 1.2 |

(20.1) ਨਿਰਯਾਤ ਦੀ ਕਿਸ ਮਦ ਵਿਚ ਲਗਾਤਾਰ ਗਿਰਾਵਟ ਦੀ ਪਰਵਿਰਤੀ ਦਿਖਾਈ ਗਈ ਹੈ ?

(20.2) ਨਿਰਯਾਤ ਦੀ ਕਿਸ ਮਦ ਵਿਚ 1997 ਤੋਂ 2011 ਦੇ ਦਰਮਿਆਨ ਸਥਿਤੀ ਆਮ ਤੋਰ ਤੇ ਇਕੋ ਜਹੀ ਬਣੀ ਰਹੀ ?

(20.3) ਪੇਟ੍ਰੋਲਿਅਮ ਅਤੇ ਕਚੇ ਉਤਪਾਦਾਂ ਦੇ ਨਿਰਯਾਤ ਵਿਚ ਲਗਾਤਾਰ ਵਧਦੀ ਹੋਈ ਪਰਵਿਰਤੀ ਦੇ ਕਾਰਨਾਂ ਦੀ ਪਰਖ ਕਰੋ । **1 + 1 + 3 = 5**

**ਨੋਟ :** ਹੇਠ ਲਿਖੇ ਪ੍ਰਸ਼ਨ **ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **20** ਦੇ ਥਾਂ ਬਦਲਵੇਂ ਪ੍ਰਸ਼ਨ ਹਨ **:**

(20.1) ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ ?

(20.2) ਕਿਸੇ ਦੋ ਮਦਾਂ ਦਾ ਵਰਨਨ ਕਰੋ ਜਿਨ੍ਹਾਂ ਦਾ ਭਾਰਤ ਤੋਂ ਨਿਰਯਾਤ ਵਧ ਰਿਹਾ ਹੈ ।

(20.3) ਅੰਤਰ ਰਾਸ਼ਟਰੀ ਵਪਾਰ ਦੇ ਕਿਸੇ ਤਿੰਨ ਆਧਾਰਾਂ ਦੀ ਵਿਆਖਿਆ ਕਰੋ ।

21. ਸੰਸਾਰ ਦੇ ਰਾਜਨੀਤਕ ਰੇਖਾ ਮਾਨ ਚਿੱਤਰ ਉਪਰ ਪੰਜ ਭੂਗੋਲਕ ਲੱਛਣਾ ਨੂੰ A, B, C, D ਅਤੇ E ਰਾਹੀਂ ਦਿਖਲਾਇਆ ਗਿਆ ਹੈ । ਇਨ੍ਹਾਂ ਲੱਛਣਾ ਦੀ ਹੇਠ ਦਿਤੀ ਜਾਣਕਾਰੀ ਦੀ ਮਦਦ ਰਾਹੀਂ ਪਛਾਣ ਕਰੋ ਅਤੇ ਉਨ੍ਹਾਂ ਦੇ ਸਹੀ ਨਾਮ, ਉਨ੍ਹਾਂ ਦੇ ਕੋਲ ਖਿੱਚੀਆਂ ਰੇਖਾਵਾਂ ਉਪਰ ਲਿੱਖੋ : **5 × 1 = 5**

(A) ਟਪਰੀਵਾਸੀ ਪਸ਼ੂਚਾਰਣ ਦਾ ਇਕ ਖੇਤਰ

(B) ਇਕ ਮਹਤਵਪੂਰਨ ਸਮੁੰਦਰੀ ਬੰਦਰਗਾਹ

(C) ਇਕ ਅੰਤਰ ਰਾਸ਼ਟਰੀ ਹਵਾਈ ਅੱਡਾ

(D) ਪਾਰ–ਮਹਾਂਦੀਪੀ ਰੇਲ ਮਾਰਗ

(E) ਬਹੁਤ ਸੰਘਣੀ ਆਬਾਦੀ ਵਾਲਾ ਖੇਤਰ

**ਨੋਟ :** ਹੇਠ ਲਿਖੇ ਪ੍ਰਸ਼ਨ **ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **21** ਦੇ ਥਾਂ ਬਦਲਵੇਂ ਪ੍ਰਸ਼ਨ ਹਨ **:**

(21.1) ਏਸ਼ੀਆ ਵਿਚ ਟਪਰੀਵਾਸੀ ਪਸ਼ੂਚਾਰਣ ਦੇ ਖੇਤਰ ਦਾ ਨਾਮ ਲਿੱਖੋ ।

(21.2) ਦੱਖਣੀ ਅਫਰੀਕਾ ਦੇ ਕਿਸੇ ਇਕ ਮੁੱਖ ਸਮੁੰਦਰੀ ਬੰਦਰਗਾਹ ਦਾ ਵਰਨਨ ਕਰੋ ।

(21.3) ਇਟਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਲਿੱਖੋ ।

(21.4) ਆਸਟਰੇਲਿਆ ਵਿਚ ਪਾਰ ਮਹਾਦੀਪੀ ਰੇਲ ਮਾਰਗ ਦੇ ਕਿਸੇ ਇਕ ਸਿਰੇ ਦੇ ਸਟੇਸ਼ਨ ਦਾ ਨਾਮ ਲਿੱਖੋ ।

(21.5) ਸੰ:ਸਾ: ਅਮੇਰਿਕਾ (U.S.A.) ਵਿਚ ਬਹੁਤ ਸੰਘਣੀ ਜਨ ਘਣਤਾ ਵਾਲਾ ਖੇਤਰ ਕਿਹੜਾ ਹੈ ?

22. **ਭਾਰਤ** ਦੇ ਦਿਤੇ ਗਏ ਰਾਜਨੀਤਕ ਰੇਖਾ ਮਾਨ ਚਿੱਤਰ ਵਿਚ ਹੇਠ ਲਿੱਖੇ ਲੱਛਣਾ ਨੂੰ ਢੁਕਵੇਂ ਚਿਨ੍ਹਾਂ ਨਾਲ ਦਿਖਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ **:** **5 × 1 = 5**

(i) ਨਗਰੀ ਜਨ ਸੰਖਿਆ ਦੀ ਘਣਤਾ ਦਾ ਸਭ ਤੋਂ ਘਟ ਅਨੁਪਾਤ ਵਾਲਾ ਰਾਜ

(ii) ਚਾਹ ਦਾ ਮੋਹਰੀ ਉਤਪਾਦਕ ਖੇਤਰ

(iii) ਓਡਿਸ਼ਾ ਵਿਚ ਏਕੀ ਕਰਿਤ ਇਸਪਾਤ ਸੰਯੰਤਰ (ਸਟੀਲਪਲਾਂਟ)

(iv) ਦਖਣ ਮੱਧ (ਸਾਉਥ ਸੈਂਟਰਲ) ਰੇਲ ਮੰਡਲ ਦਾ ਹੇਡ ਕਵਾਟਰ

(v) ਪੂਰਬੀ ਭਾਰਤ ਦਾ 'ਦਸ ਮਿਲਿਅਨ ਤੋਂ ਜ਼ਿਆਦਾ ਜਨ ਸੰਖਿਆ ਵਾਲਾ ਨਗਰ'

**ਨੋਟ :** ਹੇਠ ਲਿਖੇ ਪ੍ਰਸ਼ਨ **ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **22** ਦੇ ਥਾਂ ਬਦਲਵੇਂ ਪ੍ਰਸ਼ਨ ਹਨ **:**

(22.1) ਭਾਰਤ ਵਿਚ ਸਭ ਤੋਂ ਘਟ ਨਗਰੀਕਰਨ ਸਤਰ ਵਾਲੇ ਰਾਜ ਦਾ ਨਾਮ ਲਿੱਖੋ ।


(22.2) ਚਾਹ ਦੇ ਉਤਪਾਦਨ ਵਿਚ ਭਾਰਤ ਦਾ ਮੋਹਰੀ ਉਤਪਾਦਕ ਰਾਜ ਕਿਹੜਾ ਹੈ ?

(22.3) ਓਡਿਸ਼ਾ ਵਿਚ ਸਥਿਤ ਏਕੀਕਰਿਤ ਇਸਪਾਤ ਸੰਯੰਤ੍ਰ (ਸਟੀਲ ਕਾਰਖਾਨੇ) ਦਾ ਨਾਮ ਲਿੱਖੋ ।

(22.4) ਦਖਣ–ਮੱਧ (ਸਾਉਥ ਸੈਂਟਰਲ) ਰੇਲ ਮੰਡਲ ਦਾ ਹੇਡ ਕਵਾਟਰ ਕਿਹੜਾ ਹੈ ?

(22.5) ਭਾਰਤ ਦੇ ਕਿਸੇ ਇਕ 10 ਮਿਲਿਅਨ ਜਨ ਸੰਖਿਆ ਵਾਲੇ ਨਗਰ ਦਾ ਨਾਮ ਲਿੱਖੋ ।

ਪ੍ਰਸ਼ਨ ਸੰਖਿਆ 21 ਦੇ ਲਈ ਮਾਨ ਚਿੱਤਰ




Cut Here ---------- ਯਹਾਁ ਸੇ ਕਾਟੇਂ ---------- Cut Here ---------- ਯਹਾਁ ਸੇ ਕਾਟੇਂ ----------

Cut Here ----------- ਯਹਾਁ ਸੇ ਕਾਟੇਂ ----------- Cut Here ----------- ਯਹਾਁ ਸੇ ਕਾਟੇਂ

ਪ੍ਰਸ਼ਨ ਸੰਖਿਆ 22 ਦੇ ਲਈ ਮਾਨ ਚਿੱਤਰ

